# ਜਿਲ੍ਹਾ ਪ੍ਰੀਸ਼ਦ ਆਮ ਚੋਣਾਂ 2019 ਬਾਰੇ ਸੰਖੇਪ ਜਾਣਕਾਰੀ

## ਚੋਣ ਸੰਖੇਪ

### ਮਤਦਾਨ ਦੀ ਮਿਤੀ ਅਤੇ ਸਮਾਂ

- ਮਤਦਾਨ ਡੇ: 24 ਨਵੰਬਰ 2019 (ਐਤਵਾਰ)
- ਮਤਦਾਨ ਦਾ ਸਮਾਂ: 7:30 a.m. - 10:30 p.m. (ਜੇਲ੍ਹਾਂ ਵਿਚ ਸਥਿਤ ਸਮਰਪਿਤ ਪੋਲਿੰਗ ਸਟੇਸ਼ਨਾਂ ਨੂੰ ਛੱਡ ਕੇ, ਜਿੱਥੇ ਕਿ ਮਤਦਾਨ ਦਾ ਸਮਾਂ 9:00 a.m. ਤੋਂ 4:00 p.m. ਹੋਵੇਗਾ)

### ਨਾਮਜ਼ਦਗੀ ਦਾ ਸਮਾਂ

- ਉਮੀਦਵਾਰ ਦੀ ਨਾਮਜ਼ਦਗੀ ਦੀ ਮਿਆਦ: 4 ਤੋਂ 17 ਅਕਤੂਬਰ 2019
- ਨਾਮਜ਼ਦਗੀ ਫਾਰਮ(“REO”) ਵੈਬਸਾਈਟ (www.reo.gov.hk) ਤੋਂ ਵੀ ਡਾਊਨਲੋਡ ਜਾਂ ਹੇਠ ਲਿਖੇ ਦਫ਼ਤਰਾਂ ਵਿਚੋਂ ਪ੍ਰਾਪਤ ਕੀਤੇ ਜਾ ਸਕਦੇ ਹਨ:

    (a) ਜ਼ਿਲ੍ਹਾ ਦਫਤਰ

    (b) ਰਿਟਰਨਿੰਗ ਅਫਸਰ ਦੇ ਦਫਤਰ

    (c) ਰਜਿਸਟਰੇਸ਼ਨ ਅਤੇ ਚੋਣ ਦਫ਼ਤਰ REO ਦੇ ਦਫਤਰ, (10/F, Harbour Centre, 25 Harbour Road, Wan Chai, Hong Kong ਜਾਂ Unit 2301-03, 23/F, Millennium City 6, 392 Kwun Tong Road, Kwun Tong, Kowloon) ਵਿਚ ਹਨ।

### ਵੋਟ ਕੌਣ ਦੇ ਸਕਦਾ ਹੈ?

- ਹਾਂਗ ਕਾਂਗ ਦੇ ਸਾਰੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਥਾਈ ਨਿਵਾਸੀ ਜੋ ਆਮ ਤੌਰ 'ਤੇ ਹਾਂਗ ਕਾਂਗ ਵਿਚ ਰਹਿੰਦੇ ਹਨ ਵੋਟਰਾਂ ਵਜੋਂ ਰਜਿਸਟਰ ਹੋਣ ਦੇ ਯੋਗ ਹਨ।
- ਰਜਿਸਟਰਡ ਵੋਟਰ ਜਿਨ੍ਹਾਂ ਦੇ ਨਾਮ ਸਤੰਬਰ 2019 ਵਿੱਚ ਪ੍ਰਕਾਸ਼ਤ ਭੂਗੋਲਿਕ ਹਲਕਿਆਂ ਦੇ ਅੰਤਿਮ ਰਜਿਸਟਰ ਵਿੱਚ ਸ਼ਾਮਲ ਕੀਤੇ ਗਏ ਹਨ, ਉਹ ਚੋਣਾਂ ਵਿੱਚ ਆਪਣੀ ਵੋਟ ਪਾ ਸਕਦੇ ਹਨ।

**ਵੋਟ ਕਿਉਂ?**

- ਜ਼ਿਲ੍ਹਾ ਪ੍ਰੀਸ਼ਦ ਦੇ ਇੱਕ ਮੈਂਬਰ ਨੂੰ ਚੁਣਨ ਲਈ ਜੋ ਤੁਹਾਡੇ ਹਿੱਤਾਂ ਦੀ ਨੁਮਾਇੰਦਗੀ ਕਰ ਸਕੇ ਅਤੇ ਜ਼ਿਲ੍ਹੇ ਦੇ ਮਾਮਲਿਆਂ ਬਾਰੇ ਸਰਕਾਰ ਨੂੰ ਸਲਾਹ ਦੇ ਸਕੇ
- ਤੁਹਾਡੇ ਨਾਗਰਿਕ ਅਧਿਕਾਰਾਂ ਦੀ ਵਰਤੋਂ ਕਰਨ ਅਤੇ ਤੁਹਾਡੀਆਂ ਨਾਗਰਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ

**ਵੋਟ ਪ੍ਰਬੰਧ**

- ਹਰੇਕ ਮਤਦਾਤਾ ਸੰਬੰਧਿਤ ਹਲਕੇ ਵਿੱਚ ਸਿਰਫ ਇੱਕ ਹੀ ਉਮੀਦਵਾਰ ਨੂੰ ਵੋਟ ਦੇਵੇਗਾ। ਚੋਣ ਹਲਕੇ ਵਿੱਚ ਸਭ ਤੋਂ ਵੱਧ ਯੋਗ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਦੀ ਚੋਣ ਕੀਤੀ ਜਾਵੇਗੀ।

**ਵੋਟ ਕਿੱਥੇ ਪਾਉਣੀ ਹੈ?**

- ਜਿੱਥੋਂ ਤੱਕ ਸੰਭਵ ਹੋ ਸਕੇ, ਹਰੇਕ ਵੋਟਰ ਨੂੰ ਉਸ ਦੇ ਰਿਹਾਇਸ਼ੀ ਪਤੇ ਦੇ ਨੇੜੇ ਚੋਣਕਾਰ ਦੇ ਅੰਤਮ ਰਜਿਸਟਰ ਵਿੱਚ ਰਜਿਸਟਰਡ ਇੱਕ ਨਿਰਧਾਰਿਤ ਪੋਲਿੰਗ ਸਟੇਸ਼ਨ ਨਿਸ਼ਚਤ ਕੀਤਾ ਜਾਏਗਾ।
- ਹਿਰਾਸਤ ਵਿੱਚ ਰੱਖੇ ਗਏ ਵੋਟਰਾਂ ਲਈ ਨਿਰਧਾਰਿਤ ਸੁਧਾਰ ਘਰਾਂ ਜਾਂ ਥਾਣਿਆਂ ਵਿੱਚ ਸਮਰਪਿਤ ਪੋਲਿੰਗ ਸਟੇਸ਼ਨਾਂ ਤੇ ਵੋਟ ਪਾਉਣ ਦਾ ਪ੍ਰਬੰਧ ਕੀਤਾ ਜਾਵੇਗਾ।

- ਵਿਸ਼ੇਸ ਚੋਣਕਾਰ ਦੇ ਨਿਰਧਾਰਿਤ ਪੋਲਿੰਗ ਸਟੇਸ਼ਨ ਬਾਰੇ ਜਾਣਕਾਰੀ ਦੇਣ ਵਾਲਾ ਇਕ ਪੋਲਿੰਗ ਕਾਰਡ ਪੋਲਿੰਗ ਦਿਨ ਤੋਂ ਘੱਟੋ ਘੱਟ 10 ਦਿਨ ਪਹਿਲਾਂ ਸੰਬੰਧਿਤ ਵੋਟਰਾਂ ਨੂੰ ਜਾਰੀ ਕੀਤਾ ਜਾਵੇਗਾ।
- ਕੀ ਨਾਮਜ਼ਦ ਕੀਤੇ ਪੋਲਿੰਗ ਸਟੇਸ਼ਨ ਵਿਸ਼ੇਸ਼ ਜਰੂਰਤ ਵਾਲੇ ਵੋਟਰਾਂ ਲਈ ਪਹੁੰਚਯੋਗ ਹਨ ਜਾਂ ਨਹੀਂ (ਜੋ ਵ੍ਹੀਲਚੇਅਰ ਦੀ ਵਰਤੋਂ ਕਰਦੇ ਹਨ ਜਾਂ ਜਿਨ੍ਹਾਂ ਨੂੰ ਤੁਰਨ ਵਿੱਚ ਮੁਸ਼ਕਲ ਹੈ )ਇਹ ਚੋਣ ਕਾਰਡ ਨਾਲ ਜੁੜੇ ਸਥਾਨ ਦੇ ਨਕਸ਼ੇ ਵਿੱਚ ਦਰਸਾਇਆ ਜਾਵੇਗਾ। ਉਹ ਵੋਟਰ ਜੋ ਵ੍ਹੀਲਚੇਅਰ ਦੀ ਵਰਤੋਂ ਕਰਦੇ ਹਨ ਜਾਂ ਜਿਨ੍ਹਾਂ ਨੂੰ ਤੁਰਨ ਵਿੱਚ ਮੁਸ਼ਕਲ ਹੈ ਜੇਕਰ ਉਹਨਾਂ ਨੂੰ ਲਗਦਾ ਹੈ ਕਿ ਨਾਮਜ਼ਦ ਕੀਤਾ ਪੋਲਿੰਗ ਸਟੇਸ਼ਨ ਪਹੁੰਚਯੋਗ ਨਹੀਂ ਹੈ, ਉਹ 19 ਨਵੰਬਰ 2019 (ਮੰਲਵਾਰ) ਤੋਂ ਪਹਿਲਾਂ ਫੈਕਸ (2891 1180) ਦੁਆਰਾ, ਜਾਂ ਈ ਮੇਲ ਰਾਹੀਂ (reoenq@reo.gov.hk), ਜਾਂ ਟੈਲੀਫੋਨ (2891 1001) ਦੁਆਰਾ ਜਾਂ ਡਾਕ ਰਾਹੀਂ (ਰਜਿਸਟਰੇਸ਼ਨ ਅਤੇ ਚੋਣ ਦਫ਼ਤਰ, 10/F, Harbour Centre,25 Harbour Road, Wan Chai, Hong Kong) REO ਨੂੰ, ਵ੍ਹੀਲਚੇਅਰ ਦੀ ਵਰਤੋਂ ਕਰਨ ਜਾਂ ਜਿਨ੍ਹਾਂ ਨੂੰ ਤੁਰਨ ਵਿੱਚ ਮੁਸ਼ਕਲ ਆਉਣ ਵਾਲਿਆਂ ਲਈ ਇਕ ਖਾਸ ਨਾਮਜ਼ਦ ਪੋਲਿੰਗ ਸਟੇਸ਼ਨ ਤੇ ਵੋਟ ਪਾਉਣ ਲਈ ਦਰਖਾਸਤ ਕਰ ਸਕਦੇ ਹਨ।

## ਮਤਦਾਨ ਕਿਵੇਂ ਕਰੀਏ?

- ਆਪਣੇ ਨਾਮਜ਼ਦ ਕੀਤੇ ਮਤਦਾਨ ਕੇਂਦਰ ਤੇ ਆਪਣਾ ਹਾਂਗ ਕਾਂਗ ਪਹਿਚਾਣ ਪੱਤਰ ("HKID") ਦੀ ਅਸਲ ਕਾਪੀ ਜਾਂ ਕੋਈ ਹੋਰ ਨਿਰਧਾਰਿਤ ਦਸਤਾਵੇਜ਼ (ਵੇਰਵਿਆਂ ਲਈ ਕ੍ਰਿਪਾ ਕਰਕੇ ਹੇਠਾਂ "ਬੈਲਟ ਪੇਪਰ ਇਕੱਤਰ ਕਰਨ ਲਈ ਲੋੜੀਂਦੇ ਦਸਤਾਵੇਜ਼" ਸੈਕਸ਼ਨ ਤੇ ਜਾਓ) ਨੂੰ ਲੈ ਕੇ 24 ਨਵੰਬਰ 2019 (ਐਤਵਾਰ) ਨੂੰ ਪੋਲਿੰਗ ਸਮੇਂ (ਸਵੇਰੇ 7:30 ਵਜੇ ਤੋਂ 10:30 ਵਜੇ) ਦੇ ਦੌਰਾਨ ਜਾਓ।
- ਆਪਣੇ HKID ਜਾਂ ਕੋਈ ਹੋਰ ਨਿਰਧਾਰਿਤ ਦਸਤਾਵੇਜ਼(ਆਂ) ਦੀ ਅਸਲ ਕਾਪੀ ਮਤਦਾਨ ਸਟਾਫ ਨੂੰ ਦਿਖਾਓ, ਜੋ ਆਖਰੀ ਰਜਿਸਟਰ ਤੋਂ ਤੁਹਾਡੀ ਜਾਣਕਾਰੀ ਦੀ ਪੁਸ਼ਟੀ ਕਰੇਗਾ।
- ਤੁਹਾਨੂੰ ਇੱਕ ਬੈਲਟ ਪੇਪਰ, "✔" (ਟਿਕ) ਲਗੀ ਇੱਕ ਮੋਹਰ ਦੇ ਨਾਲ ਇੱਕ ਗੱਤਾ ਦਿੱਤਾ ਜਾਵੇਗਾ।

- ਤੁਹਾਨੂੰ ਆਪਣੇ ਬੈਲਟ ਪੇਪਰ ਉੱਤੇ ਨਿਸ਼ਾਨ ਵੋਟ ਕੰਮਪਾਰਟਮੈਂਟ ਦੇ ਅੰਦਰ ਹੀ ਲਗਾਉਣਾ ਜ਼ਰੂਰੀ ਹੈ। ਕ੍ਰਿਪਾ ਕਰਕੇ ਪੋਲਿੰਗ ਸਟਾਫ ਦੁਆਰਾ ਦਿੱਤੀਆਂ ਹਦਾਇਤਾਂ ਦੇ ਨਾਲ ਨਾਲ ਬੈਲਟ ਪੇਪਰ ਉੱਤੇ ਅਤੇ ਕੰਮਪਾਰਟਮੈਂਟ ਦੇ ਅੰਦਰ ਛਾਪੇ ਗਏ ਨੋਟਿਸਾਂ ਦੀ ਪਾਲਣਾ ਕਰੋ।
- ਬੈਲਟ ਪੇਪਰ ਉੱਤੇ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਦੇ ਅੱਗੇ ਦਿੱਤੇ ਹੋਏ ਘੇਰੇ ਵਿੱਚ ਤੁਹਾਨੂੰ ਇੱਕ "✓" (ਟਿਕ) ਕਰਨ ਲਈ ਗੱਤੇ ਤੇ ਲਗੀ ਹੋਈ ਮੋਹਰ ਦੀ ਵਰਤੋਂ ਕਰਨਾ ਜ਼ਰੂਰੀ ਹੈ।
- ਬੈਲਟ ਪੇਪਰ ਨੂੰ ਨਿਸ਼ਾਨ ਲਗਾਉਣ ਤੋਂ ਬਾਅਦ, ਬੈਲੇਟ ਬਾਕਸ ਵਿੱਚ ਪਾਉਣ ਤੋਂ ਪਿਹਲਾਂ ਕ੍ਰਿਪਾ ਕਰਕੇ ਪੋਲਿੰਗ ਸਟਾਫ ਦੁਆਰਾ ਪਹਿਲਾ ਕੀਤੀ ਤਹਿ ਦੇ ਅਨੁਸਾਰ ਇਕ ਵਾਰ ਬੈਲਟ ਪੇਪਰ ਤਹਿ ਕਰੋ ਤਾਂ ਕਿ ਨਿਸ਼ਾਨ ਲਗਿਆ ਹੋਇਆ ਪਾਸਾ ਅੰਦਰ ਨੂੰ ਹੋ ਜਾਵੇ ਅਤੇ "✓" (ਟਿੱਕ) ਨੂੰ ਲੁਕਾਇਆ ਜਾ ਸਕੇ।

**ਨੋਟ:**

(a) ਬੈਲਟ ਪੇਪਰ 'ਤੇ ਸਿਰਫ ਇਕ ਹੀ ਉਮੀਦਵਾਰ ਨੂੰ ਵੋਟ ਕਰੋ।

(b) ਤੁਹਾਨੂੰ ਮੁਹੱਈਆ ਕੀਤੀ ਗਈ ਮੋਹਰ ਦੀ ਵਰਤੋਂ ਕਰਨੀ ਚਾਹੀਦੀ ਹੈ। ਆਪਣੇ ਬੈਲਟ ਪੇਪਰ ਤੇ ਨਿਸ਼ਾਨ ਲਗਾਉਣ ਜਾਂ ਸੋਧ ਕਰਨ ਲਈ ਪੈੱਨ ਜਾਂ ਕਿਸੇ ਹੋਰ ਸਾਧਨ ਦੀ ਵਰਤੋਂ ਨਾ ਕਰੋ। ਇਹ ਤੁਹਾਡੀ ਵੋਟ ਨੂੰ ਅਯੋਗ ਕਰ ਦੇਵੇਗਾ।

(c) ਜੇਕਰ ਤੁਹਾਡੇ ਕੋਲੋ ਬੈਲਟ ਪੇਪਰ ਤੇ ਨਿਸ਼ਾਨ ਲਗਾਉਂਦੇ ਕੋਈ ਗਲਤੀ ਹੋ ਜਾਦੀ ਹੈ ਜਾਂ ਅਣਜਾਣੇ ਵਿੱਚ ਬੈਲਟ ਪੇਪਰ ਖਰਾਬ ਹੋ ਜਾਂਦਾ ਹੈ ਤਾਂ, ਕ੍ਰਿਪਾ ਕਰਕੇ ਬੈਲਟ ਪੇਪਰ ਪ੍ਰਧਾਨ ਅਧਿਕਾਰੀ ਨੂੰ ਵਾਪਸ ਕਰੋ ਅਤੇ ਇੱਕ ਨਵੇਂ ਬੈਲਟ ਪੇਪਰ ਲਈ ਪੁੱਛੋ।

- ਜੇਕਰ ਵੋਟਰਾਂ ਨੂੰ ਮਤਦਾਨ ਉੱਤੇ ਜਾਣਕਾਰੀ ਦੀ ਵਿਆਖਿਆ ਲਈ ਸਹਾਇਤਾ ਦੀ ਜ਼ਰੂਰਤ ਹੈ ਤਾਂ, ਉਹ ਘੱਟ ਗਿਣਤੀ ਲੋਕਾਂ ਲਈ ਕੇਂਦਰ ("CHEER") ਵਿੱਚ ਹੇਠਾਂ ਲਿਖੇ ਹੌਟਲਾਈਨ ਉੱਤੇ ਕਾੱਲ ਕਰ ਸਕਦੇ ਹਨ ਜੋ ਕਿ 11 ਤੋਂ 15 ਨਵੰਬਰ 2019 ਅਤੇ 18 ਤੋਂ 24 ਨਵੰਬਰ 2019 ਤੋਂ ਲਾਗੂ ਹੋਣਗੀਆਂ।

| ਭਾਸ਼ਾ | ਹੌਟਲਾਈਨ ਨੰਬਰ |
|---|---|
| ਬਹਾਸਾ ਇੰਡੋਨੇਸੀਆ | 3755 6811 |
| ਹਿੰਦੀ | 3755 6877 |
| ਨੇਪਾਲੀ | 3755 6822 |
| ਪੰਜਾਬੀ | 3755 6844 |
| ਤਾਗਾਲੋਗ | 3755 6855 |
| ਥਾਈ | 3755 6866 |
| ਉਰਦੂ | 3755 6833 |

**ਬੈਲਟ ਪੇਪਰ ਪ੍ਰਾਪਤ ਕਰਨ ਲਈ ਲੁੜੀਂਦੇ ਦਸਤਾਵੇਜ਼**

- 10 ਦਸੰਬਰ, 2018 ਤੋਂ ਲਾਗੂ ਕੀਤੇ ਅਨੁਸਾਰ, ਬੈਲਟ ਪੇਪਰ ਲਈ ਅਰਜ਼ੀ ਦੇਣ ਵਾਲੇ ਵਿਅਕਤੀ ਨੂੰ ਆਪਣਾ ਅਸਲੀ ਹਾਂਗ ਕਾਂਗ ID ("HKID ਕਾਰਡ") ਜਾਂ ਹੇਠਾਂ ਦਿੱਤੇ ਹੋਰ ਖਾਸ ਦਸਤਾਵੇਜ਼ਾਂ ਨੂੰ ਵਖਾਉਣਾ ਪਵੇਗਾ:

  (a) ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ("HKSAR") ਦਾ ਯੋਗ ਅਸਲ ਪਾਸਪੋਰਟ; ਜਾਂ

  (b) ਅਸਲ ਛੋਟ ਦਾ ਸਰਟੀਫਿਕੇਟ; ਜਾਂ

  (c) HKID ਕਾਰਡ ਲਈ ਅਰਜ਼ੀ ਦੀ ਅਸਲੀ ਰਸੀਦ; ਜਾਂ

  (d) ਵਿਅਕਤੀ ਦੀ ਯੋਗ ਅਸਲ ਸੀਮੈਨ ਪਹਿਚਾਣ ਬੁੱਕ; ਜਾਂ

  (e) ਵੀਜ਼ਾ ਦੇ ਉਦੇਸ਼ਾਂ ਲਈ ਵਿਅਕਤੀ ਦੀ ਪਛਾਣ ਦੇ ਯੋਗ ਦਸਤਾਵੇਜ਼; ਜਾਂ

  (f) ਇੱਕ ਦਸਤਾਵੇਜ਼ ਜਿਸ ਵਿੱਚ ਵਿਅਕਤੀ ਦੇ HKID ਕਾਰਡ ਦੇ ਗੁਆਚਣ ਜਾਂ ਖਰਾਬ ਹੋਣ ਦੀ ਇੱਕ ਪੁਲਿਸ ਅਫਸਰ ਨੂੰ ਰਿਪੋਰਟ ਕੀਤੀ ਹੋਵੇ ਜਾਂ ਛੋਟ ਦਾ ਸਰਟੀਫਿਕੇਟ ਜਾਂ HKID ਕਾਰਡ ਲਈ ਅਰਜ਼ੀ ਦੀ ਅਸਲੀ ਰਸੀਦ (ਆਮ ਤੌਰ ਤੇ "ਗੁਆਚੀ ਸੰਪੱਤੀ ਦਾ ਇੱਕ ਮੈਮੋ" ਵਜੋਂ ਜਾਣਿਆ ਜਾਂਦਾ ਹੈ), ਸਮੇਤ ਵਿਅਕਤੀ ਦਾ ਨਾਮ ਅਤੇ ਫੋਟੋ ਦਰਸਾਉਂਦਾ ਇੱਕ ਅਸਲਪ੍ਰਮਾਣਿਕ ਪਾਸਪੋਰਟ ਜਾਂ ਇਸੇ ਤਰ੍ਹਾਂ ਦੇ ਸਫ਼ਰ ਸਬੰਧੀ ਦਸਤਾਵੇਜ਼ (ਜਿਵੇਂ ਕਿ HKSAR ਪਾਸਪੋਰਟ ਤੋਂ ਇਲਾਵਾ ਇੱਕ ਪਾਸਪੋਰਟ ਜਾਂ ਘਰ ਵਾਪਸੀ ਲਈ ਪਰਮਿਟ)

- ਵੇਰਵਿਆਂ ਲਈ, ਕ੍ਰਿਪਾ ਕਰਕੇ ਚੋਣ ਮਾਮਲੇ ਕਮਿਸ਼ਨ (ਚੋਣ ਪ੍ਰਕਿਰਿਆ) (ਜ਼ਿਲ੍ਹਾ ਪਰਿਸ਼ਦ) ਨਿਯਮ (ਕੈਪ. 541 F) ਦੀ ਧਾਰਾ 53 ਵੇਖੋ।

**ਵੋਟਰਾਂ ਲਈ ਚੈੱਕਲਿਸਟ**

- ਹੇਠ ਲਿਖੀਆਂ ਕਿਰਿਆਵਾਂ ਵਰਜਿਤ ਹਨ:

  (a) ਚੋਣ ਵਿਚ ਵੋਟ ਨਾ ਪਾਉਣ ਲਈ, ਜਾਂ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ ਕਿਸੇ ਵੀ ਵਿਅਕਤੀ ਤੋਂ ਖਾਣ, ਪੀਣ ਜਾਂ ਮਨੋਰੰਜਨ (ਪੈਸੇ, ਤੋਹਫੇ, ਆਦਿ ਸਮੇਤ), ਦੀ ਬੇਨਤੀ ਕਰਨਾ ਜਾਂ ਸਵੀਕਾਰ ਕਰਨਾ।

  (b) ਕਿਸੇ ਵੀ ਵਿਅਕਤੀ ਨੂੰ ਕੋਈ ਲਾਭ, ਖਾਣ, ਪੀਣ ਜਾਂ ਮਨੋਰੰਜਨ ਦੀ ਪੇਸ਼ਕਸ਼ ਕਰਨਾ ਜਾਂ ਬਾਅਦ ਵਿੱਚ ਕਿਸੇ ਚੋਣ ਵਿੱਚ ਵੋਟ ਨਾ ਪਾਉਣ ਲਈ, ਜਾਂ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ ਇਨਾਮ ਦੇਣਾ।

  (c) ਕਿਸੇ ਵੀ ਵਿਅਕਤੀ ਖਿਲਾਫ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ, ਜਾਂ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਵੋਟ ਨਾ ਪਉਣ ਲਈ ਪ੍ਰੇਰਿਤ ਕਰਨ ਲਈ ਤਾਕਤ ਜਾਂ ਕਠੋਰਤਾ ਦੀ ਵਰਤੋਂ ਕਰਨ ਜਾਂ ਧਮਕੀ ਦੇਣਾ।

  (d) ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਉਹ ਇਸ ਦੇ ਹੱਕਦਾਰ ਨਹੀਂ ਹਨ ਤਾਂ ਵੀ ਵੋਟ ਪਾਉਣਾ।

  (e) ਜਾਣਬੁੱਝ ਕੇ ਜਾਂ ਬਿਨਾਂ ਵਿਚਾਰੇ ਝੂਠੀ ਜਾਂ ਚਾਲਬਾਜ਼ ਜਾਣਕਾਰੀ (ਉਦਾਹਰਨ ਦੇ ਤੌਰ ਤੇ ਝੂਠੀ ਰਿਹਾਇਸ਼ ਦਾ ਪਤਾ)ਚੋਣ ਅਧਿਕਾਰੀ ਨੂੰ ਦੇਣਾ।

  (f) ਇੱਕ ਪੋਲਿੰਗ ਸਟੇਸ਼ਨ ਦੇ ਅੰਦਰ ਦੂਸਰੇ ਵੋਟਰਾਂ ਨਾਲ ਗੱਲਬਾਤ ਕਰਨਾ ਜਿਸ ਵਿੱਚ ਬੈਲਟ ਪੇਪਰ ਤੇ ਆਪਣੀ ਵੋਟ ਦੂਸਰਿਆਂ ਨੂੰ ਦਿਖਾਉਣਾ ਜਾਂ ਮੋਬਾਈਲ ਟੈਲੀਫੋਨ ਜਾਂ ਇਲੈਕਟ੍ਰਾਨਿਕ ਸੰਚਾਰ ਜਾਂ ਕੋਈ ਹੋਰ ਉਪਕਰਣ ਦਾ ਇਸਤੇਮਾਲ ਕਰਨਾ ਸ਼ਾਮਲ ਹੈ।

(g) ਪੋਲਿੰਗ ਸਟੇਸ਼ਨ ਦੇ ਅੰਦਰ ਫਿਲਮਾਂ, ਫੋਟੋਆਂ ਖਿੱਚਣਾ ਜਾਂ ਕੋਈ ਆਡੀਓ ਜਾਂ ਵੀਡੀਓ ਰਿਕਾਰਡਿੰਗ ਬਨਾਉਣਾ।

(h) ਜ਼ਰੂਰਤ ਦੀ ਸਥਿਤੀ ਵਿੱਚ-ਦੂਸਰੇ ਵੋਟਰਾਂ ਨੂੰ ਆਪਣੇ ਬੈਲਟ ਪੇਪਰ ਤੇ ਨਿਸ਼ਾਨ ਲਗਾਉਣ ਲਈ ਕਹਿਣਾ, ਇੱਕ ਪੋਲਿੰਗ ਅਧਿਕਾਰੀ ਦੀ ਮੌਜੂਦਗੀ ਵਿੱਚ ਤੁਸੀਂ ਪ੍ਰਧਾਨ ਅਫਸਰ ਨੂੰ ਆਪਣੇ ਬੈਲਟ ਪੇਪਰ ਤੇ ਨਿਸ਼ਾਨ ਲਗਾਉਣ ਲਈ ਬੇਨਤੀ ਕਰ ਸਕਦੇ ਹੋ।

(i) ਉਨ੍ਹਾਂ ਵੋਟ ਪਾਉਣ ਵਾਲੇ ਹੋਰ ਵੋਟਰਾਂ ਨਾਲ ਦਖਲਅੰਦਾਜ਼ੀ ਕਰਨਾ।

**ਸ਼ੁੱਧ ਚੋਣ**

ਭ੍ਰਿਸ਼ਟਾਚਾਰ ਵਿਰੁੱਧ ਸੁਤੰਤਰ ਕਮਿਸ਼ਨ (“ICAC”) ਦੁਆਰਾ ਲਾਗੂ ਕੀਤਾ ਜਾਣ ਵਾਲੇ ਚੋਣ (ਭ੍ਰਿਸ਼ਟ ਅਤੇ ਗੈਰਕਨੂੰਨੀ ਵਿਵਹਾਰ) ਅਧਿਆਦੇਸ਼ (ਕੈਪ 554) ਦੇ ਅਨੁਸਾਰ, ਇੱਕ ਵੋਟਰ ਨੂੰ ਇਹ ਨਹੀ ਕਰਨਾ:

- ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਕੋਲੋਂ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਮੇਤ), ਖਾਣਾ, ਪਾਣੀ ਜਾਂ ਮਨੋਰੰਜਨ ਲਈ ਲੈਣਾ ਜਾਂ ਪਰਵਾਨ ਕਰਨਾ;
- ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਨੂੰ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਮੇਤ), ਖਾਣਾ, ਪਾਣੀ ਜਾਂ ਮਨੋਰੰਜਨ ਪੇਸ਼ ਕਰਨਾ;
- ਕਿਸੇ ਦੇ ਮਤਦਾਨ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਦਬਾਅ ਜਾਂ ਨਾਜਾਇਜ਼ ਦਬਾਅ ਦਾ ਪ੍ਰਯੋਗ ਜਾਂ ਪ੍ਰਯੋਗ ਕਰਨ ਲਈ ਧਮਕੌਣਾ;
- ਉਨ੍ਹਾਂ ਨੂੰ/ਉਹਨੂੰ ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਉਹ ਇਸ ਦੇ ਹੱਕਦਾਰ ਨਹੀਂ ਹਨ ਤਾਂ ਵੀ ਵੋਟ ਪਾਉਣਾ; ਜਾਂ

ਜਾਣਬੁੱਝ ਕੇ ਜਾਂ ਬਿਨਾਂ ਵਿਚਾਰੇ ਝੂਠੀ ਜਾਂ ਚਾਲਬਾਜ਼ ਜਾਣਕਾਰੀ (ਉਦਾਹਰਨ ਦੇ ਤੌਰ ਤੇ ਝੂਠੀ ਰਿਹਾਇਸ਼ ਦਾ ਪਤਾ)ਚੋਣ ਅਧਿਕਾਰੀ ਨੂੰ ਦੇਣਾ।

ICAC ਦੀ ਸ਼ੁੱਧ ਚੋਣ 'ਤੇ ਇੱਕ ਸਮਰਪਿਤ ਵੈਬਸਾਈਟ ਹੈ ਅਤੇ ਸੰਬੰਧਿਤ ਜਾਣਕਾਰੀ ( ਅੰਗਰੇਜ਼ੀ ਅਤੇ ਚੀਨੀ ਦੋਨਾਂ ਵਿੱਚ) ਮੁਹੱਈਆ ਕਰਦੀ ਹੈ। ਕ੍ਰਿਪਾ ਕਰਕੇ www.icac.org.hk/elections ਵੇਖੋ।